# ਕੋਰੋਨੀਅਲ ਜਾਂਚ-ਪੜਤਾਲ – ਪਰਿਵਾਰਕ ਮੈਂਬਰਾਂ ਅਤੇ ਦੋਸਤਾਂ ਲਈ ਜਾਣਕਾਰੀ

ਕੋਰੋਨਰਜ਼ ਕੋਰਟ ਆਫ਼ ਕੁਈਨਜ਼ਲੈਂਡ (CCQ) ਖ਼ੁਦਮੁਖ਼ਤਿਆਰ ਤੌਰ 'ਤੇ ਰਿਪੋਰਟ ਕਰਨਯੋਗ ਮੌਤਾਂ ਦੀ ਜਾਂਚ-ਪੜਤਾਲ ਕਰਦੀ ਹੈ।

ਅਸੀਂ ਸਮਝਦੇ ਹਾਂ ਕਿ ਇਹ ਪਰਿਵਾਰਕ ਮੈਂਬਰਾਂ ਅਤੇ ਦੋਸਤਾਂ ਲਈ ਦੁਖਦਾਈ ਅਤੇ ਔਖਾ ਸਮਾਂ ਹੋ ਸਕਦਾ ਹੈ। ਅਸੀਂ ਤੁਹਾਡੇ ਨੁਕਸਾਨ ਲਈ ਤੁਹਾਡੇ ਪ੍ਰਤੀ ਦਿਲੀ ਹਮਦਰਦੀ ਪ੍ਰਗਟ ਕਰਦੇ ਹਾਂ।

ਅਸੀਂ ਤੁਹਾਨੂੰ ਇਸ ਸਾਰੀ ਪ੍ਰਕਿਰਿਆ ਦੌਰਾਨ ਇਸ ਗਾਈਡ ਨੂੰ ਆਪਣੇ ਕੋਲ ਰੱਖਣ ਦੀ ਸਿਫ਼ਾਰਸ਼ ਕਰਦੇ ਹਾਂ।

ਅਸੀਂ ਜਾਂਚ-ਪੜਤਾਲ ਨੂੰ ਜਿੰਨੀ ਜਲਦੀ ਹੋ ਸਕੇ ਪੂਰੀ ਕਰਨ ਦਾ ਟੀਚਾ ਰੱਖਦੇ ਹਾਂ, ਹਾਲਾਂਕਿ ਜਾਂਚ ਦੀ ਲੰਬਾਈ ਕੇਸ ਦੀ ਜਟਿਲਤਾ ਸਮੇਤ ਕਈ ਕਾਰਨਾਂ 'ਤੇ ਨਿਰਭਰ ਕਰਦੀ ਹੈ।

## ਜਾਂਚ-ਪੜਤਾਲ ਕਿਉਂ ਹੁੰਦੀ ਹੈ?

*ਕੋਰੋਨਰਜ਼ ਐਕਟ 2003* (Coroners Act) ਮੁਤਾਬਿਕ, ਕੁੱਝ ਮੌਤਾਂ ਨੂੰ ਜਾਂਚ-ਪੜਤਾਲ ਲਈ ਕੁਈਨਜ਼ਲੈਂਡ ਦੇ ਕੋਰੋਨਰ ਨੂੰ ਰਿਪੋਰਟ ਕਰਨਾ ਲਾਜ਼ਮੀ ਹੁੰਦਾ ਹੈ (ਇਨ੍ਹਾਂ ਨੂੰ ਰਿਪੋਰਟ ਕਰਨਯੋਗ ਮੌਤਾਂ ਕਿਹਾ ਜਾਂਦਾ ਹੈ)।

ਕੋਰੋਨੀਅਲ ਜਾਂਚ ਦਾ ਉਦੇਸ਼ ਹੇਠ ਦਿੱਤੀਆਂ ਸੱਚਾਈਆਂ ਪਤਾ ਲਗਾਉਣਾ ਹੁੰਦਾ ਹੈ:

- ਮਰਨ ਵਾਲੇ ਵਿਅਕਤੀ ਦੀ ਪਛਾਣ
- ਉਨ੍ਹਾਂ ਦੀ ਮੌਤ ਕਦੋਂ ਅਤੇ ਕਿੱਥੇ ਹੋਈ
- ਉਨ੍ਹਾਂ ਦੀ ਮੌਤ ਕਿਵੇਂ ਹੋਈ, ਅਤੇ
- ਮੌਤ ਦਾ ਡਾਕਟਰੀ ਕਾਰਨ।

ਕੋਰੋਨਰ ਕਿਸੇ ਨੂੰ ਦੋਸ਼ੀ ਨਹੀਂ ਠਹਿਰਾਉਂਦਾ ਜਾਂ ਕੋਈ ਫੌਜਦਾਰੀ ਜਾਂ ਸਿਵਲ ਦੇਣਦਾਰੀ (criminal or civil liability) ਨਿਰਧਾਰਤ ਨਹੀਂ ਕਰਦਾ। ਉਹ ਹੇਠ ਦਿੱਤੀਆਂ ਗੱਲਾਂ 'ਤੇ ਧਿਆਨ ਕੇਂਦਰਿਤ ਕਰਦੇ ਹਨ:

- ਮੌਤ ਤੱਕ ਪਹੁੰਚਾਉਣ ਵਾਲੇ ਹਾਲਾਤਾਂ ਦੀ ਜਾਂਚ ਕਰਨਾ
- ਕੋਈ ਵੀ ਅਜਿਹੀ ਨਾਕਾਮੀ ਜਿਸਨੇ ਮੌਤ ਵਿੱਚ ਯੋਗਦਾਨ ਪਾਇਆ ਹੋ ਸਕਦਾ ਹੈ
- ਕੀ ਉਸ ਵਿਅਕਤੀ ਦੀ ਮੌਤ ਨੂੰ ਰੋਕਿਆ ਜਾ ਸਕਦਾ ਸੀ

ਕੋਰੋਨਰਜ਼ ਐਕਟ (Coroners Act) ਦੇ ਤਹਿਤ, ਕੋਰੋਨਰ ਕੋਲ ਕਿਸੇ ਵੀ ਵਿਅਕਤੀ ਜਾਂ ਏਜੰਸੀ ਤੋਂ ਜਾਂਚ-ਪੜਤਾਲ ਕਰਨ ਅਤੇ ਜਾਣਕਾਰੀ ਪ੍ਰਾਪਤ ਕਰਨ ਦਾ ਅਧਿਕਾਰ ਹੈ ਜੋ ਉਨ੍ਹਾਂ ਮੁਤਾਬਕ ਜਾਂਚ ਵਿੱਚ ਸਹਾਇਕ ਹੋ ਸਕਦੇ ਹਨ।

ਰਿਪੋਰਟ ਕਰਨਯੋਗ ਮੌਤਾਂ ਦੀਆਂ ਕਿਸਮਾਂ ਵਿੱਚ ਇਹ ਸ਼ਾਮਲ ਹਨ:

### ਹਿੰਸਕ ਜਾਂ ਅਸਧਾਰਨ ਮੌਤ

ਇਨ੍ਹਾਂ ਮੌਤਾਂ ਵਿੱਚ ਸ਼ਾਮਲ ਹਨ:

- ਹੱਤਿਆ
- ਆਵਾਜਾਈ ਹਾਦਸਾ (ਉਦਾਹਰਨ ਲਈ ਕਾਰ, ਹਵਾਈ, ਰੇਲ, ਸਮੁੰਦਰੀ)
- ਕੰਮ ਵਾਲੀ ਥਾਂ 'ਤੇ ਮੌਤ
- ਖ਼ੁਦਕੁਸ਼ੀ ਦਾ ਸ਼ੱਕ
- ਡਿੱਗਣਾ, ਡੁੱਬਣਾ, ਪਦਾਰਥਾਂ ਨਾਲ ਸੰਬੰਧ ਵਿੱਚ ਆਉਣ 'ਤੇ
- ਨਸ਼ੀਲੇ ਪਦਾਰਥਾਂ ਜਾਂ ਸ਼ਰਾਬ ਤੋਂ ਜ਼ਹਿਰ ਫੈਲਣਾ

ਇਨ੍ਹਾਂ ਮੌਤਾਂ ਦੀ ਜਾਂਚ ਕਰਨੀ ਲਾਜ਼ਮੀ ਹੁੰਦੀ ਹੈ, ਭਾਵੇਂ ਘਟਨਾ ਅਤੇ ਮੌਤ ਦੇ ਵਿਚਕਾਰ ਦੇਰ ਹੋਈ ਹੋਵੇ, ਜੇਕਰ ਇਹ ਮੰਨਿਆ ਜਾਂਦਾ ਹੈ ਕਿ ਉਹ ਘਟਨਾ ਮੌਤ ਦਾ ਕਾਰਨ ਬਣੀ ਜਾਂ ਉਸ ਵਿੱਚ ਯੋਗਦਾਨ ਪਾਇਆ।

### ਸ਼ੱਕੀ ਹਾਲਾਤਾਂ ਵਿੱਚ ਮੌਤ

ਇਹ ਆਮ ਤੌਰ 'ਤੇ ਉਦੋਂ ਹੁੰਦੀ ਹੈ, ਜਿੱਥੇ:

- ਕਿਸੇ ਦੀ ਹੱਤਿਆ ਕੀਤੇ ਜਾਣ ਦਾ ਸ਼ੱਕ ਹੋਵੇ
- ਇਹ ਅਸਪਸ਼ਟ ਹੋਵੇ ਕਿ ਕੀ ਮੌਤ ਵਿੱਚ ਹੋਰ ਲੋਕ ਸ਼ਾਮਲ ਸਨ ਜਾਂ ਨਹੀਂ।

ਜੇਕਰ ਮੌਤ ਨਾਲ ਸੰਬੰਧਿਤ ਕਿਸੇ ਫੌਜਦਾਰੀ ਅਪਰਾਧ (Criminal Offence) ਦੇ ਦੋਸ਼ ਲਗਾਏ ਗਏ ਹਨ, ਤਾਂ ਕੋਰੋਨੀਅਲ ਜਾਂਚ ਵਿੱਚ ਉਸ ਵੇਲ ਤੱਕ ਦੇਰੀ ਹੋ ਸਕਦੀ ਹੈ, ਜਦੋਂ ਤੱਕ ਉਹ ਕਾਨੂੰਨੀ ਕਾਰਵਾਈਆਂ ਹੱਲ ਨਹੀਂ ਹੋ ਜਾਂਦੀਆਂ।

### ਸਿਹਤ ਦੇਖਭਾਲ ਨਾਲ ਜੁੜੀ ਮੌਤ

ਸਿਰਫ਼ ਇਸ ਗੱਲ ਕਰਕੇ ਕਿ ਕੋਈ ਮੌਤ ਕੋਰੋਨਰ ਨੂੰ ਰਿਪੋਰਟ ਕਰਨਯੋਗ ਨਹੀਂ ਬਣਦੀ ਹੈ ਜੇ ਉਹ ਕਿਸੇ ਸਿਹਤ ਸੰਭਾਲ ਸਥਾਨ (Health Care Setting) ਵਿੱਚ ਹੋਈ ਹੈ।। ਮੌਤ ਸਿਹਤ ਸੰਭਾਲ ਨਾਲ ਜੁੜੀ ਉਦੋਂ ਹੁੰਦੀ ਹੈ ਜਦ:

- ਇਹ ਸਿਹਤ ਸੰਭਾਲ ਦਾ ਸੰਭਾਵਿਤ ਨਤੀਜਾ ਨਾ ਹੋਵੇ
- ਮੌਤ ਕਿਸੇ ਰੋਗ ਦੀ ਪਛਾਣ (Diagnosis) ਜਾਂ ਠੀਕ ਇਲਾਜ (Treatment) ਵਿੱਚ ਨਾਕਾਮੀ ਜਾਂ ਦੇਰੀ ਕਰਨ ਨਾਲ ਹੋਈ ਹੋਵੇ ।

ਸਿਹਤ ਸੰਭਾਲ ਦੀਆਂ ਪ੍ਰਕਿਰਿਆਵਾਂ ਵਿੱਚ ਹੋਰਾਂ ਸਮੇਤ ਦੰਦਾਂ ਦਾ ਇਲਾਜ, ਮੈਡੀਕਲ, ਸਰਜੀਕਲ ਅਤੇ ਡਾਇਗਨੌਸਟਿਕ ਪ੍ਰਕਿਰਿਆਵਾਂ ਸ਼ਾਮਲ ਹੋ ਸਕਦੀਆਂ ਹਨ।

ਜੇਕਰ ਤੁਹਾਨੂੰ ਕਿਸੇ ਮ੍ਰਿਤਕ ਵਿਅਕਤੀ ਨੂੰ ਪ੍ਰਦਾਨ ਕੀਤੀ ਗਈ ਦੇਖਭਾਲ ਬਾਰੇ ਚਿੰਤਾਵਾਂ ਹਨ, ਪਰ ਉਹ ਦੇਖਭਾਲ ਸਿੱਧੇ ਤੌਰ 'ਤੇ ਮੌਤ ਦਾ ਕਾਰਨ ਨਹੀਂ ਬਣੀ, ਤਾਂ ਤੁਸੀਂ ਸਿਹਤ ਲੋਕਪਾਲ ਦੇ ਦਫ਼ਤਰ

(Office of the Health Ombudsman) ਨਾਲ ਸੰਪਰਕ ਕਰ ਸਕਦੇ ਹੋ।

### ਦੇਖਭਾਲ ਵਿੱਚ ਮੌਤ

ਨਿਰਧਾਰਤ ਦੇਖਭਾਲ ਸਥਿਤੀਆਂ (Specific Care Settings) ਵਿੱਚ ਕਮਜ਼ੋਰ ਅਤੇ ਨਿਤਾਣੇ ਲੋਕਾਂ ਦੀ ਮੌਤ ਰਿਪੋਰਟ ਕਰਨਯੋਗ ਹੁੰਦੀ ਹੈ, ਭਾਵੇਂ ਉਹ ਕੁਦਰਤੀ ਕਾਰਨਾਂ ਕਰਕੇ ਹੀ ਹੋਈ ਹੋਵੇ। ਇਸ ਵਿੱਚ ਸ਼ਾਮਲ ਹਨ:

- ਅਪਾਹਜ ਲੋਕ
- ਮਾਨਸਿਕ ਰੋਗ ਵਾਲੇ ਲੋਕ
- ਉਹ ਬੱਚੇ, ਜੋ ਬਾਲ ਸੁਰੱਖਿਆ ਦਖ਼ਲ (Child Safety Intervention) ਅਧੀਨ ਹਨ।

ਇਨ੍ਹਾਂ ਮਾਮਲਿਆਂ ਵਿੱਚ, ਜੇਕਰ ਮੌਤ ਪ੍ਰਦਾਨ ਕੀਤੀ ਗਈ ਦੇਖਭਾਲ ਨੂੰ ਲੈ ਕੇ ਕੋਈ ਚਿੰਤਾ ਜਾਂ ਸਵਾਲ ਖੜਾ ਕਰਦੀ ਹੈ, ਤਾਂ ਜਾਂਚ ਇੱਕ "ਤਫ਼ਤੀਸ਼" (Inquest) ਤੱਕ ਵੀ ਜਾ ਸਕਦੀ ਹੈ। ਵਧੇਰੇ ਜਾਣਕਾਰੀ 'Deaths in Care' ਜਾਣਕਾਰੀ-ਪੱਤਰ ਵਿੱਚ ਮਿਲ ਸਕਦੀ ਹੈ:https://www.coronerscourt.qld.gov.au/about-our-court/reportable-deaths

### ਹਿਰਾਸਤ ਵਿੱਚ ਜਾਂ ਪੁਲਿਸ ਕਾਰਵਾਈ ਦੌਰਾਨ ਮੌਤ

ਕਿਸੇ ਵੀ ਮੌਤ ਲ਼ਈ ਇੱਕ ਕੋਰੋਨੀਅਲ ਤਫ਼ਤੀਸ਼ (Coronial Inquest) ਲਾਜ਼ਮੀ ਹੈ, ਜੇਕਰ ਉਹ ਮੌਤ,ਭਾਵੇਂਕੁਦਰਤੀ ਕਾਰਨਾਂ ਕਰਕੇ, ਇਨਾਂ ਸਥਿਤੀਆਂ ਵਿੱਚ ਹੋਈ ਹੋਵੇ:

- ਪੁਲਿਸ ਜਾਂ ਜੇਲ੍ਹ ਹਿਰਾਸਤ ਵਿੱਚ ਹੋਣ ਦੌਰਾਨ
- ਇਮੀਗ੍ਰੇਸ਼ਨ ਨਜ਼ਰਬੰਦੀ ਦੌਰਾਨ
- ਹਿਰਾਸਤ 'ਚੋਂ ਭੱਜਣ ਦੀ ਕੋਸ਼ਿਸ਼ ਕਰਦੇ ਹੋਏ।

ਜੇਕਰ ਕਿਸੇ ਵਿਅਕਤੀ ਦੀ ਮੌਤ ਪੁਲਿਸ ਕਾਰਵਾਈਆਂ ਦੌਰਾਨ ਹੁੰਦੀ ਹੈ, ਜਿਵੇਂ ਕਿ ਪੁਲਿਸ ਦੀ ਮੌਜੂਦਗੀ ਵਿੱਚ ਆਤਮ-ਹੱਤਿਆ, ਤਾਂ ਕੋਰੋਨਰ ਇਹ ਨਿਰਧਾਰਤ ਕਰੇਗਾ ਕਿ ਕੀ ਤਫ਼ਤੀਸ਼ ਦੀ ਲੋੜ ਹੈ।

### ਮੌਤ ਦਾ ਸਰਟੀਫਿਕੇਟ ਜਾਰੀ ਨਹੀਂ ਕੀਤਾ ਗਿਆ

ਜੇਕਰ ਡਾਕਟਰ ਦੁਆਰਾ ਮੌਤ ਦਾ ਕਾਰਨ ਸਰਟੀਫਿਕੇਟ (Cause of Death Certificate) ਜਾਰੀ ਨਹੀਂ ਕੀਤਾ ਜਾ ਸਕਦਾ ਹੈ, ਤਾਂ ਉਸ ਮੌਤ ਨੂੰ ਸਾਨੂੰ ਰਿਪੋਰਟ ਕਰਨਾ ਲਾਜ਼ਮੀ ਹੁੰਦਾ ਹੈ। ਜੇਕਰ, ਸਮੀਖਿਆ ਕਰਨ 'ਤੇ ਡਾਕਟਰ ਮੌਤ ਦੇ ਕਾਰਨ ਦੀ ਪਛਾਣ ਕਰ ਸਕਦਾ ਹੈ, ਤਾਂ ਅਸੀਂ ਇਹ ਨਿਰਧਾਰਤ ਕਰਾਂਗੇ ਕਿ ਕੀ ਮੌਤ ਦਾ ਕਾਰਨ ਸਰਟੀਫਿਕੇਟ ਜਾਰੀ ਕਰਨਾ ਉਚਿਤ ਹੈ।

### ਸ਼ੱਕੀ ਮੌਤ (ਲਾਪਤਾ ਵਿਅਕਤੀ)

ਲਾਪਤਾ ਵਿਅਕਤੀ ਦੀ ਰਿਪੋਰਟ ਆਮ ਤੌਰ 'ਤੇ ਪਰਿਵਾਰ ਜਾਂ ਦੋਸਤਾਂ ਦੁਆਰਾ ਪੁਲਿਸ ਨੂੰ ਦਿੱਤੀ ਜਾਂਦੀ ਹੈ। ਜੇਕਰ ਪੁਲਿਸ ਕੋਲ ਇਹ ਵਿਸ਼ਵਾਸ ਕਰਨ ਦਾ ਕਾਰਨ ਹੈ ਕਿ ਉਸ ਵਿਅਕਤੀ ਦੀ ਮੌਤ ਹੋ ਚੁੱਕੀ ਹੈ, ਤਾਂ ਉਹਨਾਂ ਨੂੰ ਜਾਂਚ ਲਈ ਸਾਨੂੰ ਸ਼ੱਕੀ ਮੌਤ ਦੀ ਰਿਪੋਰਟ ਕਰਨੀ ਲਾਜ਼ਮੀ ਹੈ।

## ਜਾਂਚ-ਪੜਤਾਲ ਵਿੱਚ ਕੌਣ ਸ਼ਾਮਲ ਹੁੰਦਾ ਹੈ?

### ਕੋਰੋਨਰਜ਼ ਕੋਰਟ ਆਫ਼ ਕੁਈਨਜ਼ਲੈਂਡ (CCQ)

ਅਸੀਂ ਮੌਤ ਦੇ ਤੱਥਾਂ ਦਾ ਪਤਾ ਲਗਾਉਣ ਲਈ ਸਾਡੀਆਂ ਭਾਈਵਾਲ ਏਜੰਸੀਆਂ, ਪੁਲਿਸ ਅਤੇ ਸਿਹਤ ਵਿਭਾਗ ਨਾਲ ਮਿਲਕੇ ਕੰਮ ਕਰਦੇ ਹੋਏ ਜਾਂਚ ਦੀ ਅਗਵਾਈ ਕਰਦੇ ਹਾਂ।

ਸਾਨੂੰ ਰਿਪੋਰਟ ਕੀਤੀਆਂ ਜਾਂਦੀਆਂ ਕੁੱਝ ਮੌਤਾਂ ਦੀ ਸ਼ੁਰੂਆਤੀ ਤੌਰ 'ਤੇ ਇੱਕ ਕੋਰੋਨੀਅਲ ਰਜਿਸਟਰਾਰ (Coronial Registrar) ਦੁਆਰਾ ਸਮੀਖਿਆ ਕੀਤੀ ਜਾਂਦੀ ਹੈ, ਜਿਵੇਂ ਕਿ ਜਦੋਂ:

- ਜੇਕਰ ਪੁਲਿਸ ਕਿਸੇ ਸੰਭਾਵੀ ਕੁਦਰਤੀ ਮੌਤ ਦੀ ਰਿਪੋਰਟ ਕਰੇ
- ਜੇਕਰ ਡਾਕਟਰੀ ਪੇਸ਼ੇਵਰ ਇਹ ਜਾਣਨਾ ਚਾਹੁੰਦੇ ਹਨ ਕਿ ਕੀ ਮੌਤ ਰਿਪੋਰਟ ਕਰਨਯੋਗ ਹੈ ਜਾਂ ਨਹੀਂ।

ਕੁੱਝ ਮਾਮਲਿਆਂ ਵਿੱਚ ਇਹ ਹੋਰ ਜਾਂਚ ਕਰਨ ਲਈ ਕੋਰੋਨਰ ਤੱਕ ਅੱਗੇ ਵੱਧ ਸਕਦੀ ਹੈ।

### ਕੁਈਨਜ਼ਲੈਂਡ ਪੁਲਿਸ ਸੇਵਾ

ਜ਼ਿਆਦਾਤਰ ਹਿੰਸਕ ਅਤੇ ਅਸਧਾਰਣ ਮੌਤਾਂ ਦੇ ਸਥਾਨ 'ਤੇ ਪੁਲਿਸ ਪਹੁੰਚਦੀ ਹੈ। ਮੌਕੇ 'ਤੇ ਪਹੁੰਚਣ ਵਾਲੇ ਪੁਲਿਸ ਅਧਿਕਾਰੀ ਹੇਠ ਲਿਖੇ ਕੰਮ ਕਰਦੇ ਹਨ:

- ਕੋਰੋਨਰ ਨੂੰ ਸ਼ੁਰੂਆਤੀ ਰਿਪੋਰਟ ਪ੍ਰਦਾਨ ਕਰਦੇ ਹਨ
- ਜੇਕਰ ਲੋੜ ਹੋਵੇ ਤਾਂ ਮ੍ਰਿਤਕ ਵਿਅਕਤੀ ਦੀ ਸਨਾਖ਼ਤ ਕਰਨ ਵਿੱਚ ਮੱਦਦ ਕਰਦੇ ਹਨ
- ਮ੍ਰਿਤਕ ਵਿਅਕਤੀ ਨੂੰ ਮੁਰਦਾਘਰ ਤੱਕ ਪਹੁੰਚਾਉਣ ਲਈ ਸ਼ੁਰੂਆਤੀ ਆਵਾਜਾਈ ਦਾ ਪ੍ਰਬੰਧ ਕਰਦੇ ਹਨ।
- ਮਰਨ ਵਾਲੇ ਵਿਅਕਤੀ ਦੀਆਂ ਚੀਜ਼ਾਂ ਵਾਪਸ ਕਰਨ ਦੀ ਜਾਣਕਾਰੀ ਦਿੰਦੇ ਹਨ

ਕੁਈਨਜ਼ਲੈਂਡ ਪੁਲਿਸ ਕੋਰੋਨੀਅਲ ਸਹਾਇਤਾ ਯੂਨਿਟ (Queensland Police Coronial Support Unit) ਦੇ ਅਧਿਕਾਰੀ ਕੋਰੋਨਰ ਦੀ ਸਹਾਇਤਾ ਅਤੇ ਸਮਰਥਨ ਕਰਦੇ ਹਨ।

### ਫੋਰੈਂਸਿਕ ਪੈਥੋਲੋਜੀ ਅਤੇ ਕੋਰੋਨੀਅਲ ਸੇਵਾਵਾਂ (FPaCS)

ਫੋਰੈਂਸਿਕ ਪੈਥੋਲੋਜਿਸਟ, ਫੋਰੈਂਸਿਕ ਨਰਸਾਂ ਅਤੇ ਸਲਾਹਕਾਰ ਅਤੇ ਹੋਰ ਮਾਹਰ, ਕੋਰੋਨੀਅਲ ਸੇਵਾਵਾਂ ਪ੍ਰਦਾਨ ਕਰਨ ਲਈ ਸਾਡੇ ਅਤੇ ਪੁਲਿਸ ਅਧਿਕਾਰੀਆਂ ਨਾਲ ਮਿਲ ਕੇ ਕੰਮ ਕਰਦੇ ਹਨ।

FPaCS ਮੌਤ ਦੇ ਕਾਰਨ ਦਾ ਪਤਾ ਲਗਾਉਣ ਵਿੱਚ ਮੱਦਦ ਕਰਨ ਲਈ ਕਈ ਤਰ੍ਹਾਂ ਦੀਆਂ ਡਾਕਟਰੀ ਜਾਂਚਾਂ ਪ੍ਰਦਾਨ ਕਰਦਾ ਹੈ, ਜਿਸ ਵਿੱਚ ਸ਼ਾਮਲ ਹਨ:

- ਬਗ਼ੈਰ ਚੀਰ-ਫਾੜ੍ਹ ਵਾਲੀਆਂ ਸ਼ੁਰੂਆਤੀ ਜਾਂਚਾਂ
  - ਸਰੀਰ ਦੀ ਬਾਹਰੀ ਜਾਂਚ
  - ਮੈਡੀਕਲ ਰਿਕਾਰਡਾਂ ਦੀ ਸਮੀਖਿਆ
  - ਖ਼ੂਨ ਅਤੇ ਪਿਸ਼ਾਬ ਦੇ ਨਮੂਨੇ ਇਕੱਠੇ ਕਰਨਾ
  - ਪੂਰੇ ਸਰੀਰ ਦਾ CT ਸਕੈਨ

- ਕੁੱਝ ਮਾਮਲਿਆਂ ਵਿੱਚ, ਵਧੇਰੇ ਵਿਸ਼ਲੇਸ਼ਣਾਤਮਕ ਜਾਂਚ (Invasive Examination) ਦੀ ਲੋੜ ਪੈ ਸਕਦੀ ਹੈ, ਜਿਸ ਵਿੱਚ ਅੰਸ਼ਕ ਜਾਂ ਪੂਰਾ ਅੰਦਰੂਨੀ ਪੋਸਟਮਾਰਟਮ ਕਰਨਾ ਸ਼ਾਮਲ ਹੈ, ਜਿਸਦੇ ਨਤੀਜੇ ਵਜੋਂ ਮਾਹਰ ਜਾਂਚ ਲਈ ਅੰਗਾਂ ਨੂੰ ਸੰਭਾਲ ਕੇ ਰੱਖਿਆ ਜਾ ਸਕਦਾ ਹੈ।

  ਕੋਰੋਨਰ ਲਈ ਕੋਈ ਵੀ ਵਿਸ਼ਲੇਸ਼ਣਾਤਮਕ ਜਾਂਚ ਜਾਂ ਅੰਗ ਸੰਭਾਲ ਕੇ ਰੱਖਣ ਦੇ ਹੁਕਮ ਦੇਣ ਤੋਂ ਪਹਿਲਾਂ ਪਰਿਵਾਰ ਵੱਲੋਂ ਜਤਾਏ ਗਏ ਇਤਰਾਜ਼ ਦਾ ਧਿਆਨ ਰੱਖਣਾ ਲਾਜ਼ਮੀ ਹੁੰਦਾ ਹੈ।
- ਟੌਕਸੀਕੋਲੋਜੀ (ਜ਼ਹਿਰੀਲੇ ਪਦਾਰਥਾਂ ਜਾਂ ਡਰੱਗਜ਼ ਦੀ ਮੌਜੂਦਗੀ ਦੀ ਜਾਂਚ)
- ਹਿਸਟੌਲੋਜੀ (ਟਿਸ਼ੂਆਂ ਦੀ ਮਾਈਕ੍ਰੋਸਕੋਪਿਕ ਜਾਂਚ)
- ਦੰਦਾਂ ਦੀ ਫੋਰੈਂਸਿਕ ਜਾਂਚ
- ਨਿਊਰੋਪੈਥੋਲੋਜੀ (ਦਿਮਾਗ ਦੇ ਟਿਸ਼ੂਆਂ ਦੀ ਜਾਂਚ)

ਕੋਰੋਨਰ ਦੁਆਰਾ ਆਰਡਰ ਕੀਤੀ ਗਈ ਡਾਕਟਰੀ ਜਾਂਚ ਦੀ ਕਿਸਮ ਦੇ ਆਧਾਰ 'ਤੇ, ਫੋਰੈਂਸਿਕ ਪੈਥੋਲੋਜਿਸਟ ਦੀ ਰਿਪੋਰਟ ਨੂੰ ਤਿਆਰ ਹੋਣ ਵਿੱਚ ਕਈ ਮਹੀਨੇ ਲੱਗ ਸਕਦੇ ਹਨ।

ਇਸ ਸਮੇਂ ਦੌਰਾਨ, ਮ੍ਰਿਤਕ ਵਿਅਕਤੀ ਨਾਲ ਹਮੇਸ਼ਾ ਆਦਰ ਅਤੇ ਸਨਮਾਨ ਨਾਲ ਪੇਸ਼ ਆਇਆ ਜਾਂਦਾ ਹੈ।

### ਕੋਰੋਨੀਅਲ ਪਰਿਵਾਰਕ ਸੇਵਾਵਾਂ (CFS)

CFS ਉਨ੍ਹਾਂ ਪਰਿਵਾਰਾਂ ਨੂੰ ਸਹਾਇਤਾ ਪ੍ਰਦਾਨ ਕਰਦਾ ਹੈ ਜੋ ਕੋਰੋਨੀਅਲ ਜਾਂਚ ਅਧੀਨ ਮੌਤ ਤੋਂ ਪ੍ਰਭਾਵਿਤ ਹੁੰਦੇ ਹਨ। ਉਹ ਕੋਰੋਨੀਅਲ ਜਾਂਚ ਦੇ ਸ਼ੁਰੂਆਤੀ ਪੜਾਵਾਂ ਵਿੱਚ ਤੁਹਾਡੇ ਨਾਲ ਸੰਪਰਕ ਕਰ ਸਕਦੇ ਹਨ।

## ਪਰਿਵਾਰ ਨਾਲ ਸਾਡਾ ਸੰਪਰਕ

ਕੋਰੋਨਰਜ਼ ਐਕਟ ਵਿੱਚ 'ਪਰਿਵਾਰਕ ਮੈਂਬਰ' ਸ਼ਬਦ ਦਾ ਇੱਕ ਖ਼ਾਸ ਅਰਥ ਹੈ।

ਹਾਲਾਂਕਿ ਕੋਰੋਨਰ ਜਾਂਚ ਪ੍ਰਕਿਰਿਆ ਦੌਰਾਨ ਇੱਕ ਤੋਂ ਵੱਧ ਪਰਿਵਾਰਕ ਮੈਂਬਰਾਂ ਨੂੰ ਸੰਪਰਕ ਵਜੋਂ ਨਾਮਜ਼ਦ ਕਰਨ ਦੀ ਆਗਿਆ ਦੇ ਸਕਦਾ ਹੈ, ਪਰ ਇਸ ਗੱਲ ਨੂੰ ਪਹਿਲ ਦਿੱਤੀ ਜਾਂਦੀ ਹੈ ਕਿ ਪਰਿਵਾਰ ਇੱਕ ਮੁੱਖ ਸੰਪਰਕ ਵਿਅਕਤੀ ਨੂੰ ਸਾਡੇ ਪ੍ਰਾਇਮਰੀ ਸੰਪਰਕ ਵਜੋਂ ਨਾਮਜ਼ਦ ਕਰੇ, ਜੋ ਫਿਰ ਬਾਕੀ ਦੇ ਪਰਿਵਾਰਕ ਮੈਂਬਰਾਂ ਨਾਲ ਉਸ ਜਾਣਕਾਰੀ ਨੂੰ ਸਾਂਝਾ ਕਰੇ।

ਪਰਿਵਾਰ ਉਨ੍ਹਾਂ ਲਈ ਕੰਮ ਕਰਨ ਅਤੇ/ਜਾਂ ਜਾਂਚ ਦੌਰਾਨ ਸਾਡਾ ਪ੍ਰਾਇਮਰੀ ਸੰਪਰਕ ਬਣਨ ਲਈ ਇੱਕ ਵਕੀਲ ਨਿਯੁਕਤ ਕਰ ਸਕਦਾ ਹੈ।

ਜੇਕਰ ਪਰਿਵਾਰ ਵਿੱਚ ਕੋਈ ਵਿਵਾਦ ਖੜ੍ਹਾ ਹੁੰਦਾ ਹੈ, ਤਾਂ ਕੋਰੋਨਰਜ਼ ਐਕਟ ਵਿੱਚ ਪਰਿਵਾਰਕ ਮੈਂਬਰਾਂ ਲਈ ਸੀਨੀਅਰਤ ਦਾ ਇੱਕ ਖ਼ਾਸ ਕ੍ਰਮ ਦੱਸਿਆ ਗਿਆ ਹੈ।

ਇਹ ਯਾਦ ਰੱਖਣ ਯੋਗ ਹੈ ਕਿ ਕੋਰੋਨਰ ਦੁਆਰਾ ਕਿਸੇ ਵਿਅਕਤੀ ਨੂੰ "ਪਰਿਵਾਰਕ ਮੈਂਬਰ" ਵਜੋਂ ਮਾਨਤਾ ਮਿਲਣ ਦਾ ਇਹ ਅਰਥ ਨਹੀਂ ਹੁੰਦਾ ਕਿ ਉਸ ਵਿਅਕਤੀ ਨੂੰ ਕਿਸੇ ਹੋਰ ਕਾਨੂੰਨੀ ਮਾਮਲੇ, ਜਿਵੇਂ ਕਿ ਵਿਰਾਸਤ ਵਿੱਚ ਕਾਨੂੰਨੀ ਤੌਰ 'ਤੇ ਮਾਨਤਾ ਮਿਲੇਗੀ।

ਇਹ ਯਕੀਨੀ ਬਣਾਉਣ ਲਈ ਕਿ ਅਸੀਂ ਤੁਹਾਡੀ ਜਾਂਚ ਦੀ ਤਾਜ਼ਾ ਜਾਣਕਾਰੀ ਤੁਹਾਨੂੰ ਦਿੰਦੇ ਰਹੀਏ, ਇਸ ਲਈ ਆਪਣੇ ਸੰਪਰਕ ਵੇਰਵਿਆਂ ਵਿੱਚ ਕਿਸੇ ਵੀ ਤਬਦੀਲੀ ਬਾਰੇ ਸਾਨੂੰ ਸੂਚਿਤ ਕਰਨਾ ਮਹੱਤਵਪੂਰਨ ਹੈ।

## ਫ਼ਸਟ ਨੇਸ਼ਨਜ਼ ਲੋਕਾਂ ਦੇ ਪਰਿਵਾਰ

ਅਸੀਂ ਸੱਭਿਆਚਾਰਕ ਤੌਰ 'ਤੇ ਸੰਵੇਦਨਸ਼ੀਲ ਅਤੇ ਢੁਕਵੇਂ ਤਰੀਕਿਆਂ ਨੂੰ ਉਤਸ਼ਾਹਿਤ ਕਰਨ ਅਤੇ ਉਨ੍ਹਾਂ ਵਿੱਚ ਸ਼ਾਮਲ ਹੋਣ ਲਈ ਵਚਨਬੱਧ ਹਾਂ। ਪਰਿਵਾਰਾਂ ਨੂੰ ਜਾਂਚ ਦੀ ਸ਼ੁਰੂਆਤ ਵਿੱਚ ਹੀ ਕਿਸੇ ਵੀ ਸੱਭਿਆਚਾਰਕ ਜਾਂ ਰਿਸ਼ਤੇਦਾਰੀ ਸੰਬੰਧੀ ਵਿਚਾਰਾਂ ਨੂੰ ਸਾਂਝਾ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਨ੍ਹਾਂ ਦੀਆਂ ਲੋੜਾਂ 'ਤੇ ਵਿਚਾਰ ਕੀਤਾ ਜਾ ਸਕੇ।

ਅਸੀਂ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰਦੇ ਹਾਂ ਕਿ ਪਰਿਵਾਰਾਂ ਨੂੰ ਜਾਣਕਾਰੀ ਅਜਿਹੇ ਤਰੀਕੇ ਨਾਲ ਪ੍ਰਦਾਨ ਕੀਤੀ ਜਾਵੇ ਜੋ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਅਤੇ ਆਦਰਯੋਗ ਹੋਵੇ।

## ਜਾਣਕਾਰੀ ਜਾਰੀ ਕਰਨ ਦੀ ਪ੍ਰਕਿਰਿਆ

ਕੋਰੋਨਰ ਇਹ ਫ਼ੈਸਲਾ ਕਰਦਾ ਹੈ ਕਿ ਕੀ ਕੋਰੋਨੀਅਲ ਜਾਣਕਾਰੀ ਜਾਰੀ ਕੀਤੀ ਜਾਵੇਗੀ ਜਾਂ ਨਹੀਂ, ਅਤੇ ਕਿਸ ਨੂੰ ਦਿੱਤੀ ਜਾਵੇਗੀ।

ਅਣਪ੍ਰਕਾਸ਼ਿਤ ਕੋਰੋਨੀਅਲ ਦਸਤਾਵੇਜ਼ਾਂ ਦੀ ਬੇਨਤੀ ਕਰਨ ਲਈ ਇਹ ਬੇਨਤੀ ਲਿਖਤੀ ਰੂਪ ਵਿੱਚ CCQ ਨੂੰ ਦੇਣੀ ਪਵੇਗੀ (ਸਨਾਖ਼ਤ ਦੇ ਸਬੂਤ ਦੇਣ ਦੀ ਲੋੜ ਹੋ ਸਕਦੀ ਹੈ)।

ਵਧੇਰੇ ਜਾਣਕਾਰੀ www.coronercourt.qld.gov.au/resources/accessing-coronial-documents 'ਤੇ ਮਿਲ ਸਕਦੀ ਹੈ।

## ਕੀ ਮੈਂ ਅੰਤਿਮ-ਸੰਸਕਾਰ ਦਾ ਪ੍ਰਬੰਧ ਕਰ ਸਕਦਾ/ਸਕਦੀ ਹਾਂ?

ਜਾਂਚ ਚੱਲ ਰਹੀ ਹੋਣ ਦੇ ਦੌਰਾਨ, ਪਰਿਵਾਰ ਅੰਤਿਮ ਸੰਸਕਾਰ ਦਾ ਪ੍ਰਬੰਧ ਕਰਨਾ ਸ਼ੁਰੂ ਕਰ ਸਕਦਾ ਹੈ।

ਤੁਹਾਡਾ ਚੁਣਿਆ ਹੋਇਆ ਅੰਤਿਮ-ਸੰਸਕਾਰ ਨਿਰਦੇਸ਼ਕ ਅੰਤਿਮ-ਸੰਸਕਾਰ ਪ੍ਰਕਿਰਿਆ ਬਾਰੇ, ਸਾਡੇ ਅਤੇ ਮੁਰਦਾਘਰ ਨਾਲ ਮਿਲਕੇ ਕੰਮ ਕਰੇਗਾ। ਮ੍ਰਿਤਕ ਵਿਅਕਤੀ ਨੂੰ ਜਦੋ, ਸ਼ੁਰੂਆਤੀ ਜਾਂਚ ਪੂਰੀ ਹੋ ਜਾਵੇਗੀ, ਅਤੇ ਕੋਰੋਨਰ ਮੌਤ ਦੇ ਕਾਰਨ ਨੂੰ ਸਵੀਕਾਰ ਕਰ ਲਵੇਗਾ, ਅੰਤਿਮ-ਸੰਸਕਾਰ ਨਿਰਦੇਸ਼ਕ ਨੂੰ ਸੌਂਪ ਦਿੱਤਾ ਜਾਵੇਗਾ।

## ਅੰਤਿਮ ਸੰਸਕਾਰ ਸਹਾਇਤਾ ਯੋਜਨਾ

ਸਾਡੀ ਅੰਤਿਮ ਸੰਸਕਾਰ ਸਹਾਇਤਾ ਯੋਜਨਾ ਰਾਹੀਂ, ਅਸੀਂ ਉਨ੍ਹਾਂ ਵਿਅਕਤੀਆਂ ਲਈ ਅੰਤਿਮ-ਸੰਸਕਾਰ ਦੇ ਪ੍ਰਬੰਧ ਕਰ ਸਕਦੇ ਹਾਂ ਜਿਨ੍ਹਾਂ ਦੀ ਮੌਤ ਕੁਈਨਜ਼ਲੈਂਡ ਵਿੱਚ ਹੋਈ ਹੈ ਅਤੇ ਉਨ੍ਹਾਂ ਦਾ ਕੋਈ ਜਾਣ-ਪਛਾਣ ਦਾ ਪਰਿਵਾਰਕ ਮੈਂਬਰ ਅੰਤਿਮ-ਸੰਸਕਾਰ ਦੇ ਖ਼ਰਚਿਆਂ ਨੂੰ ਪੂਰਾ ਕਰਨ ਲਈ ਤਿਆਰ ਜਾਂ ਸਮਰੱਥ ਨਹੀਂ ਹੈ।

ਇਸ ਯੋਜਨਾ ਲਈ ਯੋਗਤਾ ਪੂਰੀ ਕਰਨ ਲਈ ਯੋਗਤਾ ਸ਼ਰਤਾਂ ਲਾਗੂ ਹਨ। ਕੁੱਝ ਮਾਮਲਿਆਂ ਵਿੱਚ, ਇਸ ਯੋਜਨਾ ਦੇ ਤਹਿਤ ਪ੍ਰਦਾਨ ਕੀਤੀਆਂ ਗਈਆਂ ਅੰਤਿਮ-ਸੰਸਕਾਰ ਸੇਵਾਵਾਂ ਦੇ ਖ਼ਰਚੇ ਨੂੰ ਮ੍ਰਿਤਕ-ਵਿਅਕਤੀ ਦੀ ਜਾਇਦਾਦ ਵਿੱਚੋਂ ਵਸੂਲ ਕੀਤਾ ਜਾ ਸਕਦਾ ਹੈ।

ਵਧੇਰੇ ਜਾਣਕਾਰੀ ਸਾਡੀ ਵੈੱਬਸਾਈਟ www.coronerscourt.qld.gov.au/for-families/funeral-assistance-scheme 'ਤੇ ਮਿਲ ਸਕਦੀ ਹੈ।

ਅਰਜ਼ੀ ਦੇਣ ਵਿੱਚ ਸਹਾਇਤਾ ਲੈਣ ਲਈ, ਆਪਣੀ ਸਥਾਨਕ ਮੈਜਿਸਟ੍ਰੇਟ ਅਦਾਲਤ ਨਾਲ ਸੰਪਰਕ ਕਰੋ। https://www.courts.qld.gov.au/contacts

## ਮੌਤ ਦਾ ਸਰਟੀਫਿਕੇਟ ਪ੍ਰਾਪਤ ਕਰਨਾ

ਜਦੋਂ ਕੋਰੋਨਰ ਮੌਤ ਦੇ ਡਾਕਟਰੀ ਕਾਰਨ ਨੂੰ ਸਵੀਕਾਰ ਕਰ ਲੈਂਦਾ ਹੈ, ਤਾਂ ਜਨਮ, ਮੌਤ ਅਤੇ ਵਿਆਹ ਰਜਿਸਟਰੀ (RBDM) ਨੂੰ ਸੂਚਿਤ ਕੀਤਾ ਜਾਂਦਾ ਹੈ।

ਮੌਤ ਸਰਟੀਫਿਕੇਟ ਦੀ ਇੱਕ ਕਾਪੀ ਪ੍ਰਾਪਤ ਕਰਨ ਲਈ, ਤੁਸੀਂ :

- RBDM ਨਾਲ ਸਿੱਧਾ ਸੰਪਰਕ ਕਰ ਸਕਦੇ ਹੋwww.qld.gov.au/rbdm
- ਇਸਦਾ ਪ੍ਰਬੰਧ ਆਪਣੇ ਅੰਤਿਮ-ਸੰਸਕਾਰ ਨਿਰਦੇਸ਼ਕ ਰਾਹੀਂ ਕਰ ਸਕਦੇ ਹੋ।

ਜੇਕਰ ਤੁਹਾਨੂੰ ਮੌਤ ਦਾ ਕਾਰਨ ਅਣਜਾਣ ਹੋਣ ਦੌਰਾਨ ਇੱਕ ਅੰਤਰਿਮ ਮੌਤ ਦਾ ਸਰਟੀਫਿਕੇਟ ਜਾਰੀ ਕੀਤਾ ਗਿਆ ਸੀ, ਤਾਂ ਤੁਸੀਂ ਇਸਨੂੰ RBDM ਨੂੰ ਵਾਪਸ ਕਰ ਸਕਦੇ ਹੋ ਅਤੇ ਤਾਜ਼ਾ ਜਾਣਕਾਰੀ ਵਾਲੇ ਸਰਟੀਫਿਕੇਟ ਨੂੰ ਮੁਫ਼ਤ ਵਿੱਚ ਪ੍ਰਾਪਤ ਕਰ ਸਕਦੇ ਹੋ।

## ਕੀ ਕੋਰੋਨੀਅਲ ਤਫ਼ਤੀਸ਼(ਇਨਕਵੈਸਟ) ਹੋਵੇਗ ੀ?

ਜ਼ਿਆਦਾਤਰ ਮਾਮਲਿਆਂ ਵਿੱਚ, ਰਿਪੋਰਟ ਹੋਣ ਯੋਗ ਮੌਤਾਂ ਦੀ ਜਾਂਚ ਉਦੋਂ ਬਿਨਾਂ ਇਨਕਵੈਸਟ ਦੇ ਪੂਰੀ ਹੋ ਜਾਂਦੀ ਹੈ, ਜਦੋਂ ਕੋਰੋਨਰ ਆਪਣੇ ਲਿਖਤੀ ਨਤੀਜੇ ਜਾਰੀ ਕਰਦਾ ਹੈ। ਇਹ ਮੌਤ ਬਾਰੇ ਇੱਕ ਰਸਮੀ ਦਸਤਾਵੇਜ਼ ਹੁੰਦਾ ਹੈ। ਕਈ ਵਾਰ, ਜੇਕਰ ਇਹ ਜਨਤਕ ਹਿੱਤ ਵਿੱਚ ਹੋਵੇ, ਤਾਂ ਇਹ ਨਤੀਜੇ ਅਦਾਲਤ ਦੀ ਵੈੱਬਸਾਈਟ 'ਤੇ ਪ੍ਰਕਾਸ਼ਿਤ ਕੀਤੇ ਜਾ ਸਕਦੇ ਹਨ।

ਜੇਕਰ ਕੋਰੋਨਰ ਗ਼ੈਰ-ਤਫ਼ਤੀਸ਼ ਖੋਜਾਂ ਨੂੰ ਪ੍ਰਕਾਸ਼ਿਤ ਕਰਨਾ ਚਾਹੁੰਦਾ ਹੈ, ਤਾਂ ਪਰਿਵਾਰ ਨਾਲ ਸਲਾਹ-ਮਸ਼ਵਰਾ ਕੀਤਾ ਜਾਵੇਗਾ। ਨਤੀਜਿਆਂ ਨੂੰ ਪ੍ਰਕਾਸ਼ਿਤ ਕਰਨ 'ਤੇ ਵਿਚਾਰ ਕਰਦੇ ਸਮੇਂ, ਕੋਰੋਨਰ ਮ੍ਰਿਤਕ ਵਿਅਕਤੀ ਦੇ ਨਾਮ ਦੀ ਪਛਾਣ ਨੂੰ ਗੁਪਤ ਕਰ ਸਕਦਾ ਹੈ।

ਕਿਸੇ-ਕਿਸੇ ਮਾਮਲੇ ਵਿੱਚ, ਕੋਰੋਨਰ ਇਹ ਫ਼ੈਸਲਾ ਕਰ ਸਕਦਾ ਹੈ ਕਿ ਤਫ਼ਤੀਸ਼ (ਇਨਕਵੈਸਟ) ਲੋੜੀਂਦੀ ਹੈ। ਇਨਕਵੈਸਟ ਇੱਕ ਅਦਾਲਤੀ ਸੁਣਵਾਈ ਹੁੰਦੀ ਹੈ।

ਇਹ ਕੋਈ ਮੁਕੱਦਮਾ ਨਹੀਂ ਹੈ ਅਤੇ ਇਸ ਵਿੱਚ:

- ਜਿਊਰੀ (Jury ਸ਼ਾਮਲ ਨਹੀਂ ਹੁੰਦੀ
- ਇਹ ਦੋਸ਼ ਜਾਂ ਸਿਵਲ ਦੇਣਦਾਰੀ ਨਿਰਧਾਰਤ ਨਹੀਂ ਕਰਦਾ।

ਕੋਰੋਨਰ ਇਨਕਵੈਸਟ ਕਰੇਗਾ, ਜੇਕਰ:

- ਇਹ ਕਾਨੂੰਨ ਦੁਆਰਾ ਲਾਜ਼ਮੀ ਹੋਵੇ
- ਇਹ ਜਨਤਕ ਹਿੱਤ ਵਿੱਚ ਪਾਈ ਗਈ ਹੈ, ਜੋ ਕਿ ਹੋ ਸਕਦਾ ਹੈ ਜੇ:
  - ➢ ਮੌਤ ਦੇ ਕਾਰਨ ਜਾਂ ਹਾਲਾਤਾਂ ਬਾਰੇ ਕਾਫੀ ਜ਼ਿਆਦਾ ਸੰਦੇਹ ਹੋਣ
  - ➢ ਮੌਤ ਨਾਲ ਜੁੜੀਆਂ ਸਿਫ਼ਾਰਸ਼ਾਂ ਭਵਿੱਖ ਵਿੱਚ ਹੋਣ ਵਾਲੀਆਂ ਮੌਤਾਂ ਨੂੰ ਰੋਕਣ ਵਿੱਚ ਮੱਦਦ ਕਰ ਸਕਦੀਆਂ ਹੋਣ
  - ➢ ਮੌਤ ਦੀ ਜਾਂਚ ਨਾਲ ਜੁੜੀਆਂ ਸਿਫ਼ਾਰਸ਼ਾਂ ਕਾਰਨ ਕੁੱਝ ਅਜਿਹੇ ਮੁੱਦੇ ਸਾਹਮਣੇ ਆਉਣ ਜੋ ਜਨਤਕ ਸਿਹਤ ਅਤੇ ਸੁਰੱਖਿਆ ਜਾਂ ਨਿਆਂ ਪ੍ਰਸ਼ਾਸਨ ਨੂੰ ਪ੍ਰਭਾਵਿਤ ਕਰਦੇ ਹਨ।

ਇਨਕਵੈਸਟ ਆਮ ਤੌਰ 'ਤੇ ਜਨਤਾ ਲਈ ਖੁੱਲ੍ਹੇ ਹੁੰਦੇ ਹਨ, ਅਤੇ ਕੋਈ ਵੀ ਦਿਲਚਸਪੀ ਰੱਖਣ ਵਾਲਾ ਵਿਅਕਤੀ ਇਸ ਵਿੱਚ ਹਾਜ਼ਰ ਹੋ ਸਕਦਾ ਹੈ, ਇਨਕਵੈਸਟ ਦੀਆਂ ਸਭ ਜਾਣਕਾਰੀਆਂ ਅਸੀਂ ਆਪਣੀ ਵੈੱਬਸਾਈਟ 'ਤੇ ਪ੍ਰਕਾਸ਼ਿਤ ਕਰਦੇ ਹਾਂ।

ਇਨਕਵੈਸਟ ਦੇ ਸਮਾਪਤ ਹੋਣ ਤੋਂ ਬਾਅਦ:

- ਕੋਰੋਨਰ ਦੇ ਨਤੀਜੇ ਸਾਡੀ ਵੈੱਬਸਾਈਟ 'ਤੇ ਪ੍ਰਕਾਸ਼ਿਤ ਕੀਤੇ ਜਾਂਦੇ ਹਨ

- ਜੇਕਰ ਕੋਈ ਸਿਫ਼ਾਰਸ਼ਾਂ ਕੀਤੀਆਂ ਗਈਆਂ ਹੋਣ, ਤਾਂ ਉਨ੍ਹਾਂ ਨੂੰ ਸੰਬੰਧਿਤ ਸੰਸਥਾ ਵੱਲ ਭੇਜਿਆ ਜਾਂਦਾ ਹੈ, ਤਾਂ ਜੋ ਉਹ ਉਨ੍ਹਾਂ ਦੀ ਲਾਗੂ ਕਰਨ ਦੀ ਸੰਭਾਵਨਾ 'ਤੇ ਵਿਚਾਰ ਕਰ ਸਕਣ।

ਜੇਕਰ ਕੋਈ ਪਰਿਵਾਰਕ ਮੈਂਬਰ ਕੋਰੋਨਰ ਦੇ ਇਨਕਵੈਸਟ ਨਾ ਕਰਨ ਦੇ ਫ਼ੈਸਲੇ ਨਾਲ ਅਸਹਿਮਤ ਹੁੰਦਾ ਹੈ, ਉਸਨੂੰ ਇੱਕ ਲਿਖਤੀ ਅਰਜ਼ੀ ਦੇ ਕੇ ਇਨਕਵੈਸਟ ਦੀ ਬੇਨਤੀ ਕਰਨ ਦਾ ਅਧਿਕਾਰ ਹੁੰਦਾ ਹੈ, ਜਿਸ ਵਿੱਚ ਦੱਸਿਆ ਗਿਆ ਹੋਵੇ ਕਿ ਇਹ ਜਨਤਕ ਹਿੱਤ ਵਿੱਚ ਕਿਉਂ ਲੋੜੀਂਦੀ ਹੈ।

ਜੇਕਰ ਕੋਰੋਨਰ ਇਸ ਬੇਨਤੀ ਨੂੰ ਅਸਵੀਕਾਰ ਕਰ ਦਿੰਦਾ ਹੈ, ਤਾਂ ਇਨਕਵੈਸਟ ਦੇ ਹੁਕਮ ਦੇਣ ਲਈ ਸਟੇਟ ਕੋਰੋਨਰ (State Coroner) ਨੂੰ ਅਰਜ਼ੀ ਦਿੱਤੀ ਜਾ ਸਕਦੀ ਹੈ। ਜੇਕਰ ਸਟੇਟ ਕੋਰੋਨਰ ਵੀ ਇਨਕਵੈਸਟ ਕਰਨ ਦਾ ਇਨਕਾਰ ਕਰਦਾ ਹੈ, ਤਾਂ ਜ਼ਿਲ੍ਹਾ ਅਦਾਲਤ ਵਿੱਚ ਅਰਜ਼ੀ ਦਾਖਲ ਕਰਕੇ ਇਨਕਵੈਸਟ ਕਰਵਾਉਣ ਦੀ ਬੇਨਤੀ ਕੀਤੀ ਜਾ ਸਕਦੀ ਹੈ।

## ਕਾਨੂੰਨੀ ਸਹਾਇਤਾ

ਜਦੋਂ CCQ ਦੁਆਰਾ ਮੌਤ ਦੀ ਜਾਂਚ ਕੀਤੀ ਜਾ ਰਹੀ ਹੋਵੇ ਤਾਂ ਪਰਿਵਾਰਾਂ ਨੂੰ ਕਿਸੇ ਵਕੀਲ ਦੀ ਨੁਮਾਇੰਦਗੀ ਦੀ ਲੋੜ ਨਹੀਂ ਹੁੰਦੀ।

ਹਾਲਾਂਕਿ, ਜੇਕਰ ਤੁਸੀਂ ਕਾਨੂੰਨੀ ਸਲਾਹ ਲੈਣੀ ਚਾਹੁੰਦੇ ਹੋ, ਤਾਂ ਹੇਠ ਦਿੱਤੀਆਂ ਸੇਵਾਵਾਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ:

### ਲੀਗਲ ਏਡ ਕੁਈਨਜ਼ਲੈਂਡ

ਕਾਨੂੰਨੀ ਸਲਾਹ ਲਈ ਜਾਣਕਾਰੀ ਅਤੇ ਰੈਫ਼ਰਲ ਲੈਣ ਲਈ, ਅਤੇ ਇਸ ਬਾਰੇ ਸਲਾਹ ਲਈ ਕਿ ਕੀ ਤੁਸੀਂ ਮੁਫ਼ਤ ਕਾਨੂੰਨੀ ਸਹਾਇਤਾ ਲਈ ਯੋਗ ਹੋ।

ਫ਼ੋਨ: 1300 65 11 88
ਵੈੱਬਸਾਈਟ: www.legalaid.qld.gov.au

### ਕੁਈਨਜ਼ਲੈਂਡ ਲਾਅ ਸੁਸਾਇਟੀ

ਤੁਹਾਡੇ ਇਲਾਕੇ ਵਿਚਲੀਆਂ ਕਾਨੂੰਨੀ ਫਰਮਾਂ ਦੇ ਨਾਵਾਂ ਲਈ ਜੋ ਜਾਂਚਾਂ ਅਤੇ ਕੋਰੋਨਲ ਕਾਨੂੰਨ ਵਿੱਚ ਮਾਹਰ ਹਨ।

ਫ਼ੋਨ: 1300 367 757
ਵੈੱਬਸਾਈਟ: www.qls.com.au

### ਕਵੀਨਜ਼ਲੈਂਡ ਕੋਰੋਨੀਅਲ ਲੀਗਲ ਸਰਵਿਸ

ਕੋਰੋਨੀਅਲ ਪ੍ਰਕਿਰਿਆ ਦੇ ਕਿਸੇ ਵੀ ਪਹਿਲੂ ਅਤੇ ਸੰਬੰਧਿਤ ਮੁੱਦਿਆਂ ਬਾਰੇ ਸੋਗ ਗ੍ਰਸਤ ਪਰਿਵਾਰਕ ਮੈਂਬਰਾਂ ਨੂੰ ਮੁਫ਼ਤ ਕਾਨੂੰਨੀ ਸਲਾਹ ਪ੍ਰਦਾਨ ਕਰਦੀ ਹੈ।

ਫ਼ੋਨ: (07) 3214 6333
ਵੈੱਬਸਾਈਟ:https://caxton.org.au/how-we-can-help/queensland-coronial-legal-service/

### ਕਮਿਊਨਿਟੀ ਲੀਗਲ ਸੈਂਟਰ ਕਵੀਨਜ਼ਲੈਂਡ

ਆਪਣਾ ਨਜ਼ਦੀਕੀ ਕਮਿਊਨਿਟੀ ਲੀਗਲ ਸੈਂਟਰ ਲੱਭੋ

ਫ਼ੋਨ:(07) 3392 0092
ਵੈੱਬਸਾਈਟ: www.communitylegalqld.org.au/

### ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਕਾਨੂੰਨੀ ਸੇਵਾ

ਕੁਈਨਜ਼ਲੈਂਡ ਵਿੱਚ ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਲਈ ਸੱਭਿਆਚਾਰਕ ਤੌਰ 'ਤੇ ਸੰਵੇਦਨਸ਼ੀਲ ਕਾਨੂੰਨੀ ਸੇਵਾਵਾਂ।

ਫ਼ੋਨ: 1800 012 255 (free call)
ਈ-ਮੇਲ: coronial@atsils.org.au
ਵੈੱਬਸਾਈਟ: https://atsils.org.au/

# ਸੰਪਰਕ ਅਤੇ ਸਹਾਇਤਾ ਸੇਵਾਵਾਂ

## ਕੋਰੋਨਰਜ਼ ਕੋਰਟ ਆਫ਼ ਕੁਈਨਜ਼ਲੈਂਡ (CCQ)

GPO Box 1649 Brisbane QLD 4001
ਫ਼ੋਨ: (07) 3738 7050 ( *ਬ੍ਰਿਸਬੇਨ ਵਿੱਚ ਮੁੱਖ ਰਜਿਸਟਰੀ*)
ਬ੍ਰਿਸਬੇਨ ਤੋਂ ਬਾਹਰ: 1300 304 605 (ਸਥਾਨਕ ਕਾਲ ਦੀ ਕੀਮਤ)
ਈ-ਮੇਲ: CoronersCourt@justice.qld.gov.au
ਵੈੱਬਸਾਈਟ:www.coronerscourt.qld.gov.au

## ਕੁਈਨਜ਼ਲੈਂਡ ਪੁਲਿਸ ਕੋਰੋਨੀਅਲ ਸਹਾਇਤਾ ਯੂਨਿਟ (CSU)

ਸਾਡੀਆਂ ਜ਼ਿਆਦਾਤਰ ਰਜਿਸਟਰੀਆਂ ਵਿੱਚ ਸਹਿ-ਸਥਿਤ ਹਨ, CSU ਕੋਰੋਨਲ ਪ੍ਰਕਿਰਿਆਵਾਂ ਨਾਲ ਤਾਲਮੇਲ ਕਰਦੀਆਂ ਹਨ ਅਤੇ ਫੋਰੈਂਸਿਕ ਪੈਥੋਲੋਜਿਸਟਾਂ ਅਤੇ ਮੁਰਦਾਘਰ ਸਟਾਫ਼ ਨਾਲ ਸੰਪਰਕ ਕਰਦੀਆਂ ਹਨ।

ਫ਼ੋਨ: (07) 3292 5901
ਈ-ਮੇਲ:
QPSOfficeStateCoroner@police.qld.gov.au

## ਫੋਰੈਂਸਿਕ ਪੈਥੋਲੋਜੀ ਅਤੇ ਕੋਰੋਨੀਅਲ ਸੇਵਾਵਾਂ

ਫ਼ੋਨ: 1800 000 377 (free call)
ਈ-ਮੇਲ: Forensics@health.qld.gov.au

## ਕੋਰੋਨੀਅਲ ਪਰਿਵਾਰਕ ਸੇਵਾਵਾਂ

Phone: (07) 3096 2794
1800 449 171 (free call)
ਈ-ਮੇਲ: FSS.Counsellors@health.qld.gov.au

## ਜਨਮ, ਮੌਤ ਅਤੇ ਵਿਆਹ ਰਜਿਸਟਰ

PO Box 15188 City East QLD 4002
ਫ਼ੋਨ: 13 74 68
ਈ-ਮੇਲ: bdm-mail@justice.qld.gov.au
ਵੈੱਬਸਾਈਟ: www.qld.gov.au/rbdm

## ਵਿਕਟਿਮ ਅਸਿਸਟ ਕੁਈਨਜ਼ਲੈਂਡ

ਜੋ ਕਿ ਅਪਰਾਧ ਪੀੜਤਾਂ ਲਈ ਜਾਣਕਾਰੀ, ਸਲਾਹ ਸਹਾਇਤਾ ਸੇਵਾਵਾਂ ਅਤੇ ਵਿੱਤੀ ਸਹਾਇਤਾ ਪ੍ਰਦਾਨ ਕਰਦੀ ਹੈ।

ਫ਼ੋਨ: 1300 546 587
ਵੈੱਬਸਾਈਟ: https://www.qld.gov.au/law/crime-and-police/victim-assist-queensland

## ਸਿਹਤ ਲੋਕਪਾਲ ਦਾ ਦਫ਼ਤਰ (The Office of the Health Ombudsman)

ਕੁਈਨਜ਼ਲੈਂਡ ਸਿਹਤ ਸੇਵਾਵਾਂ ਅਤੇ/ਜਾਂ ਪ੍ਰਦਾਤਾਵਾਂ ਬਾਰੇ ਸ਼ਿਕਾਇਤਾਂ/ਚਿੰਤਾਵਾਂ ਦਾ ਨਿਪਟਾਰਾ ਕਰਨ ਵਾਲੀ ਏਜੰਸੀ।

ਫ਼ੋਨ: 133 646
ਵੈੱਬਸਾਈਟ: www.oho.qld.gov.au

### ਕੰਮ ਨਾਲ ਸੰਬੰਧਿਤ ਮੌਤਾਂ ਅਤੇ ਗੰਭੀਰ ਘਟਨਾਵਾਂ ਲਈ ਸਲਾਹਕਾਰ ਕਮੇਟੀ

ਜ਼ਖਮੀ ਕਾਮਿਆਂ ਅਤੇ ਕੰਮ ਵਾਲੀ ਥਾਂ 'ਤੇ ਮੌਤ ਤੋਂ ਪ੍ਰਭਾਵਿਤ ਪਰਿਵਾਰਾਂ ਨੂੰ ਜਾਣਕਾਰੀ ਅਤੇ ਸਹਾਇਤਾ ਪ੍ਰਦਾਨ ਕਰਦੀ ਹੈ।

ਫ਼ੋਨ: 0417 910 130
ਈ-ਮੇਲ: OHSConsultativeCommittee@oir.qld.gov.au
ਵੈੱਬਸਾਈਟ: www.worksafe.qld.gov.au/about-us/consultative-committee

### ਕੁਈਨਜ਼ਲੈਂਡ ਹੋਮੀਸਾਈਡ ਵਿਕਟਿਮ ਸਪੋਰਟ ਗਰੁੱਪ

ਹੱਤਿਆ ਤੋਂ ਪ੍ਰਭਾਵਿਤ ਵਿਅਕਤੀਆਂ ਲਈ ਸਹਾਇਤਾ, ਵਕਾਲਤ ਅਤੇ ਜਾਣਕਾਰੀ 24 ਘੰਟੇ / 7 ਦਿਨ ਉਪਲਬਧ।

ਫ਼ੋਨ: 1800 774 744
ਵੈੱਬਸਾਈਟ: www.qhvsg.org.au/

### ਕੰਪੈਸ਼ਨੇਟ ਫ੍ਰੈਂਡਜ਼ ਕਵੀਨਜ਼ਲੈਂਡ

ਬੱਚੇ ਦੀ ਮੌਤ ਤੋਂ ਬਾਅਦ ਪਰਿਵਾਰਾਂ ਲਈ ਦੋਸਤੀ ਅਤੇ ਸੋਗ ਸਿੱਖਿਆ ਦੀ ਪੇਸ਼ਕਸ਼ ਦਿੰਦੇ ਹਨ।

ਫ਼ੋਨ: 1300 064 068
ਈ-ਮੇਲ: admin@tcfqld.org.au
ਵੈੱਬਸਾਈਟ:https://tcfa.org.au/qld/

### ਸਰਵਾਈਵਰਜ਼ ਆਫ਼ ਸੁਸਾਈਡ ਬਿਰੀਵਮੈਂਟ ਸਪੋਰਟ ਐਸੋਸੀਏਸ਼ਨ (SOSBSA)

ਖੁਦਕੁਸ਼ੀ ਕਾਰਨ ਸੋਗ ਗ੍ਰਸਤ ਅਤੇ ਖੁਦਕੁਸ਼ੀ ਦੇ ਜ਼ੋਖਮ ਵਿੱਚ ਹੋਣ ਵਾਲਿਆਂ ਦੀ ਸਹਾਇਤਾ ਕਰਦੀ ਹੈ।

ਫ਼ੋਨ: 1300 659 467
ਵੈੱਬਸਾਈਟ: www.sosbsa.org.au

### ਸਟੈਂਡਬਾਏ - ਖੁਦਕੁਸ਼ੀ ਤੋਂ ਬਾਅਦ ਸਹਾਇਤਾ (Standby – Support After Suicide)

ਖੁਦਕੁਸ਼ੀ ਕਾਰਨ ਸੋਗ ਗ੍ਰਸਤ ਜਾਂ ਪ੍ਰਭਾਵਿਤ ਲੋਕਾਂ ਦੀ ਸਹਾਇਤਾ ਕਰਦੀ ਹੈ।

ਫ਼ੋਨ: 1300 727 247
ਬੋਲ਼ੇ ਅਤੇ ਘੱਟ ਸੁਣਨ ਸ਼ਕਤੀ ਵਾਲੇ ਲੋਕਾਂ ਲਈ: SMS 0428 842 041 (6am-10pm 7 ਦਿਨ)
ਵੈੱਬਸਾਈਟ: www.standbysupport.com.au

### ਸੁਸਾਈਡ ਕਾਲ ਬੈਕ ਸਰਵਿਸ (Suicide Call Back Service)

ਜੋ ਕਿ ਖੁਦਕੁਸ਼ੀ ਤੋਂ ਪ੍ਰਭਾਵਿਤ ਲੋਕਾਂ ਨੂੰ 24 ਘੰਟੇ / 7 ਦਿਨ ਮੁਫ਼ਤ ਫ਼ੋਨ ਅਤੇ ਔਨਲਾਈਨ ਸਲਾਹ ਪ੍ਰਦਾਨ ਕਰਦੇ ਹਨ।
ਫ਼ੋਨ: 1300 659 467
ਵੈੱਬਸਾਈਟ: www.suicidecallbackservice.org.au/

### ਰੋਜ਼ਜ਼ ਇਨ ਦ ਓਸ਼ਨ (Roses in the Ocean)

ਪੀਅਰ ਕੇਅਰ ਕੰਪੈਨਿਅਨ ਵਾਰਮਲਾਈਨ (Peer CARE Companion Warmline) - ਜੋ ਕਿ ਇੱਕ ਕਾਲਬੈਕ ਸੇਵਾ ਹੈ, ਜਿੱਥੇ ਤੁਸੀਂ ਕਿਸੇ ਸਿਖਲਾਈ ਪ੍ਰਾਪਤ ਵਾਲੰਟੀਅਰ ਨਾਲ ਗੱਲ ਕਰ ਸਕਦੇ ਹੋ, ਜਿਸ ਨੇ ਖੁਦ ਵੀ ਆਤਮਹਤਿਆ ਦੁਆਰਾ ਆਪਣੇ ਕਿਸੇ ਨੇੜਲੇ ਵਿਅਕਤੀ ਨੂੰ ਗਵਾਇਆ ਹੈ।

ਫ਼ੋਨ: ਕਾਲਬੈਕ ਸੇਵਾ 1800 77 7337
ਵੈੱਬਸਾਈਟ: https://rosesintheocean.com.au/

### ਲਾਈਫਲਾਈਨ ਆਸਟ੍ਰੇਲੀਆ (Lifeline Australia)

ਜੋ ਕਿ 24 ਘੰਟੇ / 7 ਦਿਨ ਮੁਫ਼ਤ ਫ਼ੋਨ ਸੰਕਟ ਸਹਾਇਤਾ ਪ੍ਰਦਾਨ ਕਰਦੇ ਹਨ।

ਫ਼ੋਨ: 13 11 14
ਵੈੱਬਸਾਈਟ: www.lifeline.org.au/

### ਕਿਡਜ਼ ਹੈਲਪਲਾਈਨ (Kids Helpline)

ਜੋ ਕਿ 5 ਤੋਂ 25 ਸਾਲ ਦੀ ਉਮਰ ਦੇ ਨੌਜਵਾਨਾਂ ਲਈ ਮੁਫ਼ਤ ਅਤੇ ਗੁਪਤ 24 ਘੰਟੇ / 7 ਦਿਨ ਔਨਲਾਈਨ ਅਤੇ ਫ਼ੋਨ ਸਲਾਹ ਪ੍ਰਦਾਨ ਕਰਦੇ ਹਨ।

ਫ਼ੋਨ: 1800 55 1800
ਵੈੱਬਸਾਈਟ:www.kidshelpline.com.au/

### ਮੇਨਜ਼ਲਾਈਨ (Mensline)

ਜੋ ਕਿ ਆਸਟ੍ਰੇਲੀਆਈ ਮਰਦਾਂ ਲਈ ਮੁਫ਼ਤ ਟੈਲੀਫ਼ੋਨ ਅਤੇ ਔਨਲਾਈਨ ਸਲਾਹ ਅਤੇ ਸਹਾਇਤਾ ਪ੍ਰਦਾਨ ਕਰਦੀ ਹੈ।

ਫ਼ੋਨ: 1300 78 99 78
ਵੈੱਬਸਾਈਟ: www.mensline.org.au/

## ਫ਼ਸਟ ਨੇਸ਼ਨਜ਼ ਲੋਕਾਂ ਲਈ ਪਰਿਵਾਰਕ ਸਹਾਇਤਾ ਸੇਵਾਵਾਂ

### 13 YARN

ਭੀੜ/ਸਮੂਹ ਲਈ 24 ਘੰਟੇ / 7 ਦਿਨ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਸਹਾਇਤਾ ਹੈਲਪਲਾਈਨ ਪ੍ਰਦਾਨ ਕਰਦੇ ਹਨ ਜੋ ਕਿਸੇ ਹਾਲਾਤਾਂ ਕਾਰਨ ਭਾਰੀ ਅਤੇ ਬੇਬਸ ਮਹਿਸੂਸ ਕਰ ਰਹੀ ਹੈ ਜਾਂ ਸਾਹਮਣਾ ਕਰਨ ਵਿੱਚ ਮੁਸ਼ਕਲ ਮਹਿਸੂਸ ਕਰ ਰਹੀ ਹੈ, ਇਹ ਮੁਫ਼ਤ ਸਹਾਇਤਾ ਉਪਲਬਧ ਹੈ।

ਫ਼ੋਨ: 13 92 76
Website: www.13yarn.org.au/

### ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਪਰਿਵਾਰਕ ਭਲਾਈ ਸੇਵਾਵਾਂ

ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਪਰਿਵਾਰਾਂ ਨੂੰ ਸਮਾਜਿਕ, ਭਾਵਨਾਤਮਕ, ਸਰੀਰਕ ਅਤੇ ਅਧਿਆਤਮਿਕ ਤੰਦਰੁਸਤੀ ਵਿੱਚ ਸੁਧਾਰ ਕਰਨ ਲਈ ਮੁਫ਼ਤ ਅਤੇ ਗੁਪਤ ਸਹਾਇਤਾ ਪ੍ਰਦਾਨ ਕਰਦੀ ਹੈ, ਅਤੇ ਪਰਿਵਾਰ ਆਪਣੇ ਬੱਚਿਆਂ ਦੀ ਸੁਰੱਖਿਅਤ ਦੇਖਭਾਲ ਅਤੇ ਸੁਰੱਖਿਆ ਕਰਦੇ ਹਨ।

ਫ਼ੋਨ: 1300 117 095
ਵੈੱਬਸਾਈਟ: www.familywellbeingqld.org.au/

### ਥਿਰਿਲੀ (Thirrili)

ਥਿਰਿਲੀ ਇੰਡੀਜੀਨਸ ਪੋਸਟਵੈਂਸ਼ਨ ਰਿਸਪਾਂਸ ਸਰਵਿਸ (Thirrili Indigenous Postvention Response Service) ਕੁਦਕੁਸ਼ੀ ਦੇ ਬਾਅਦ ਸਦਮੇ ਦਾ ਸਾਹਮਣਾ ਕਰ ਰਹੇ ਭਾਈਚਾਰਿਆਂ, ਪਰਿਵਾਰਾਂ ਅਤੇ ਵਿਅਕਤੀਆਂ ਦੀ ਸਹਾਇਤਾ ਕਰਦੀ ਹੈ। ਉਨ੍ਹਾਂ ਦੀ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਸਹਾਇਤਾ ਪ੍ਰਣਾਲੀ ਸਥਾਨਕ ਸੱਭਿਆਚਾਰਕ ਪ੍ਰੋਟੋਕੋਲ ਅਤੇ ਅਭਿਆਸਾਂ ਦਾ ਸਤਿਕਾਰ ਕਰਦੀ ਹੈ, ਜੋ ਸੋਗ ਅਤੇ ਠੀਕ ਹੋਣ ਵਿੱਚ ਸਵੈ-ਨਿਰਣੇ ਨੂੰ ਉਤਸ਼ਾਹਿਤ ਕਰਦੀ ਹੈ। Thirrili ਹਫ਼ਤੇ ਦੇ 7 ਦਿਨ 24 ਘੰਟੇ ਖੁਦਕੁਸ਼ੀ ਸਹਾਇਤਾ ਫ਼ੋਨ ਸੇਵਾ ਚਲਾਉਂਦੀ ਹੈ। ਫ਼ੋਨ: 1800 805 801

ਵੈੱਬਸਾਈਟ: https://thirrili.com.au/

### ਮੋਬ ਲਿੰਕ (Mob Link)

ਮੋਬ ਲਿੰਕ ਇੱਕ ਪ੍ਰਭਾਵਸ਼ਾਲੀ ਟੀਮ ਦੁਆਰਾ ਸੰਚਾਲਿਤ ਕੀਤਾ ਜਾਂਦਾ ਹੈ, ਜਿਸ ਵਿੱਚ ਇਨਟੇਕ ਅਧਿਕਾਰੀ, ਨਰਸਾਂ, ਡਾਕਟਰ, ਆਦਿਵਾਸੀ ਆਊਟਰੀਚ ਵਰਕਰ ਅਤੇ ਸੋਸ਼ਲ ਵਰਕਰ ਸ਼ਾਮਲ ਹਨ। ਮੋਬ ਲਿੰਕ ਦੱਖਣ-ਪੂਰਬੀ ਕੁਈਨਜ਼ਲੈਂਡ ਵਿੱਚ ਆਦਿਵਾਸੀ ਅਤੇ ਟੋਰਸ ਸਟ੍ਰੇਟ ਆਈਲੈਂਡਰ ਲੋਕਾਂ ਨੂੰ ਸਹਾਇਤਾ ਪ੍ਰਦਾਨ ਕਰਦਾ ਹੈ ਤਾਂ ਜੋ ਉਹ ਉਸੇ ਦਿਨ ਦੇਖਭਾਲ ਪ੍ਰਾਪਤ ਕਰ ਸਕਣ ਜਾਂ ਸਿਹਤ ਅਤੇ ਸਮਾਜਿਕ ਸੇਵਾਵਾਂ ਨਾਲ ਜੁੜਨ ਲਈ ਸਹਾਇਤਾ ਪ੍ਰਾਪਤ ਕਰ ਸਕਣ।

ਫ਼ੋਨ: 1800 254 354 ਸਵੇਰੇ 7 ਵਜੇ ਤੋਂ ਰਾਤ 8 ਵਜੇ ਤੱਕ, 365 ਦਿਨ

ਵੈੱਬਸਾਈਟ: https://www.iuih.org.au/our-services/mob-link/